Surrey Schools

Royal Canadian Mounted Police | Gendarmerie royale du Canada

20 ਜੂਨ 2017

ਪਿਆਰੇ ਮਾਪਿਓ ਅਤੇ ਗਾਰਡੀਅਨਜ਼,

ਜਿਸ ਸਮੇਂ ਤੁਸੀਂ ਅਤੇ ਤੁਹਾਡੇ ਬੱਚੇ ਗਰਮੀਆਂ ਦੀਆਂ ਛੁੱਟੀਆਂ ਦੀ ਤਿਆਰੀ ਕਰ ਰਹੇ ਹੋ, ਉਸ ਸਮੇਂ ਸਰੀ ਆਰ ਸੀ ਐੱਮ ਪੀ ਅਤੇ ਸਰੀ ਸਕੂਲ ਡਿਸਟ੍ਰਿਕਟ ਤੁਹਾਨੂੰ ਗੈਰ-ਕਾਨੂੰਨੀ ਡਰੱਗਾਂ ਨਾਲ ਸੰਬੰਧਿਤ ਕੁਝ ਖਤਰਿਆਂ ਬਾਰੇ ਜਾਣਕਾਰੀ ਦੇਣੀ ਚਾਹੁੰਦੇ ਹਨ ਤਾਂ ਕਿ ਤੁਹਾਡੇ ਸਾਰਿਆਂ ਦੀਆਂ ਗਰਮੀਆਂ ਸੁਰੱਖਿਅਤ ਬੀਤਣ। ਇਹ ਬਹੁਤ ਜ਼ਰੂਰੀ ਹੈ ਕਿ ਮਾਪਿਆਂ/ਸੰਭਾਲ ਕਰਨ ਵਾਲਿਆਂ ਅਤੇ ਨੌਜਵਾਨਾਂ ਨੂੰ ਡਰੱਗਾਂ ਦੇ ਖਤਰਿਆਂ ਦਾ ਪਤਾ ਹੋਵੇ।

ਪਿਛਲੇ ਕੁਝ ਸਾਲਾਂ ਦੌਰਾਨ ਨਾਲ ਡਰੱਗਾਂ ਦੇ ਵਾਤਾਵਰਨ ਵਿੱਚ ਨਾਟਕੀ ਤਬਦੀਲੀ ਆਈ ਹੈ, ਮੁੱਖ ਤੌਰ 'ਤੇ ਅਜਿਹਾ ਫੈਂਟਾਨਿਲ ਦੇ ਆਉਣ ਨਾਲ ਹੋਇਆ ਹੈ। ਫੈਂਟਾਨਿਲ ਦਰਦ ਲਈ ਡਾਕਟਰ ਵਲੋਂ ਲਿਖ ਕੇ ਦਿੱਤੀਆਂ ਜਾਂਦੀਆਂ ਦਵਾਈਆਂ ਵਿੱਚੋਂ ਬਹੁਤ ਜ਼ਿਆਦਾ ਅਸਰ ਵਾਲੀ ਦਵਾਈ ਹੈ ਜਿਹੜੀ ਮੌਰਫੀਨ ਦੇ ਮੁਕਾਬਲੇ 100 ਗੁਣਾਂ ਜ਼ਿਆਦਾ ਨਸ਼ੀਲੀ ਹੈ। ਇਹ ਬਾਹਰੋਂ ਮੰਗਵਾ ਕੇ ਗੈਰ-ਕਾਨੂੰਨੀ ਢੰਗ ਨਾਲ ਵੇਚੀ ਜਾ ਰਹੀ ਹੈ ਅਤੇ ਇਸ ਦੇ ਬਹੁਤ ਦੁਖਦਾਈ ਨਤੀਜੇ ਨਿਕਲ ਰਹੇ ਹਨ; ਇਸ ਦੀ ਬਹੁਤ ਥੋੜ੍ਹੀ ਮਾਤਰਾ ਗੰਭੀਰ ਨੁਕਸਾਨ ਕਰ ਸਕਦੀ ਹੈ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ।

ਲੋਅਰ ਮੇਨਲੈਂਡ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਫੈਂਟਾਨਿਲ ਅਤੇ ਇਸ ਵਰਗੀਆਂ ਹੋਰ ਡਰੱਗਾਂ ਦੂਜੀਆਂ ਡਰੱਗਾਂ ਵਿੱਚ ਰਲਾਈਆਂ ਹੋਈਆਂ ਮਿਲੀਆਂ ਹਨ ਜਿਵੇਂ ਹੈਰੋਈਨ, ਪਾਊਡਰ ਕੋਕੇਨ, ਕਰੈਕ ਕੋਕੇਨ ਅਤੇ ਮੈਥਮਫੈਟਾਮੀਨ ਵਿੱਚ। ਔਕਸੀਕੋਡੋਨ ਅਤੇ ਪਰਕੋਸੈੱਟ ਦੀਆਂ ਨਕਲੀ ਗੋਲੀਆਂ ਵਿੱਚ ਵੀ ਇਹ ਮੁੱਖ ਸਮੱਗਰੀ ਵਜੋਂ ਪਾਈ ਗਈ ਹੈ। ਡਰੱਗਾਂ ਦੇ ਇਹਨਾਂ ਨਵੇਂ ਮਿਸ਼ਰਨਾਂ ਕਾਰਨ ਬਹੁਤ ਸਾਰੀਆਂ ਮੌਤਾਂ ਹੋਈਆਂ ਹਨ। ਸੰਨ 2016 ਵਿੱਚ ਸਰੀ ਵਿੱਚ ਓਵਰਡੋਜ਼ ਕਾਰਨ 113 ਮੌਤਾਂ ਹੋਈਆਂ ਸਨ, ਜਿਹੜੀ ਗਿਣਤੀ ਸੂਬੇ ਭਰ ਵਿੱਚ ਦੂਜੇ ਨੰਬਰ 'ਤੇ ਹੈ। ਸੰਨ 2017 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਸਰੀ ਵਿੱਚ ਪਹਿਲਾਂ ਹੀ ਓਵਰਡੋਜ਼ ਕਾਰਨ 51 ਮੌਤਾਂ ਹੋ ਚੁੱਕੀਆਂ ਹਨ।

ਗਰਮੀਆਂ ਵਿੱਚ ਫੈਸਟੀਵਲ, ਕਨਸਰਟ ਅਤੇ ਹਾਊਸ ਪਾਰਟੀਆਂ ਹੋਣਗੀਆਂ ਜਿਹਨਾਂ ਵਿੱਚ ਬਹੁਤ ਸਾਰੇ ਵਿਦਿਆਰਥੀ ਜਾਣਗੇ। 'ਐਕਸਟੈਸੀ" ਜਾਂ "ਮੌਲੀ" (ਐੱਮ ਡੀ ਐੱਮ ਏ) ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਵਰਤੀ ਜਾਣ ਵਾਲੀ ਆਮ ਡਰੱਗ ਹੈ, ਅਤੇ ਇਸ ਨੂੰ ਸੌਖਿਆਂ ਹੀ ਫੈਂਟਾਨਿਲ ਨਾਲ ਰਲਾਇਆ ਜਾ ਸਕਦਾ ਹੈ, ਜਿਸ ਨਾਲ ਵਰਤੋਂ ਕਰਨ ਵਾਲਿਆਂ ਲਈ ਓਵਰਡੋਜ਼ ਜਾਂ ਮੌਤ ਦਾ ਖਤਰਾ ਪੈਦਾ ਹੋ ਸਕਦਾ ਹੈ। ਐੱਮ ਡੀ ਐੱਮ ਏ ਉਤੇਜਿਕ ਗੁਣਾਂ ਵਾਲੀ ਮਨੋਭ੍ਰਾਂਤਕ ਦਵਾਈ (ਹਾਲੂਸਿਨਜਨ) ਹੈ। ਇਹ ਆਮ ਤੌਰ 'ਤੇ ਚਿੱਟੇ ਪਾਊਡਰ ਦੇ ਰੂਪ ਵਿੱਚ ਵੇਚੀ ਜਾਂਦੀ ਹੈ ਅਤੇ ਗੋਲੀਆਂ ਵੱਟ ਕੇ ਵੱਖ ਵੱਖ ਲੋਗੋਆਂ ਜਾਂ ਪੈਕਜਾਂ ਵਿੱਚ ਜਿਲੇਟਿਨ ਦੀਆਂ ਗੋਲੀਆਂ ਦੇ ਤੌਰ 'ਤੇ ਮਿਲਦੀ ਹੈ। ਆਮ ਤੌਰ 'ਤੇ ਐੱਮ ਡੀ ਐੱਮ ਏ ਵਰਤਣ ਵਾਲਿਆਂ ਨੂੰ ਚੜ੍ਹਾਈ ਦਾ ਅਨੁਭਵ ਹੁੰਦਾ ਹੈ, ਉਨ੍ਹਾਂ ਦਾ ਸਵੈ-ਵਿਸ਼ਵਾਸ ਅਤੇ ਮਿਲਾਪੜਾਪਨ ਵਧ ਜਾਂਦਾ ਹੈ। ਇਸ ਕਰਕੇ ਹੀ ਇਹ ਪਾਰਟੀਆਂ ਵਿੱਚ ਬਹੁਤ ਜ਼ਿਆਦਾ ਪ੍ਰਚਲਿਤ ਹੈ।

ਮਾਪਿਆਂ ਦੇ ਤੌਰ 'ਤੇ ਸਾਡੇ ਵਲੋਂ ਕੀਤੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਸਾਡੇ ਬੱਚਿਆਂ ਵਲੋਂ ਡਰੱਗ ਵਰਤਣ ਦਾ ਖਤਰਾ ਹੋ ਸਕਦਾ ਹੈ। ਉਹ ਨੌਜਵਾਨ ਹਨ ਅਤੇ ਉਹ ਸਾਡੇ ਕੰਟਰੋਲ ਤੋਂ ਬਾਹਰਲੇ ਲੋਕਾਂ ਅਤੇ ਹਾਲਤਾਂ ਦੇ ਅਸਰ ਹੇਠ ਆ ਸਕਦੇ ਹਨ। ਤੁਸੀਂ ਇਹ ਨਾ ਸਮਝੋ ਕਿ ਤੁਹਾਡਾ ਬੱਚਾ ਡਰੱਗਾਂ ਦੀ ਵਰਤੋਂ ਨਹੀਂ ਕਰ ਰਿਹਾ ਜਾਂ ਡਰੱਗਾਂ ਦੀ ਵਰਤੋਂ ਕਰਨ ਬਾਰੇ ਸੋਚ ਨਹੀਂ ਰਿਹਾ। ਸ਼ਾਇਦ ਇਹ ਜਾਣ ਕੇ ਤੁਹਾਨੂੰ ਹੈਰਾਨੀ ਹੋਵੇ ਕਿ ਬੀ ਸੀ ਵਿੱਚ ਓਵਰਡੋਜ਼ ਕਾਰਨ  ਹੋਣ ਵਾਲੀਆਂ ਮੌਤਾਂ ਵਿੱਚੋਂ 45 ਫੀਸਦੀ ਮੌਤਾਂ ਪ੍ਰਾਈਵੇਟ ਘਰਾਂ ਵਿੱਚ ਹੁੰਦੀਆਂ ਹਨ। ਮਾਪਿਆਂ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਇਹ ਸਮੱਸਿਆ ਬੇਘਰੇ ਲੋਕਾਂ ਜਾਂ ਡਰੱਗਾਂ ਦੇ ਅਮਲੀਆਂ ਤੱਕ ਹੀ ਸੀਮਤ ਨਹੀਂ – ਓਵਰਡੋਜ਼ ਕਾਰਨ ਹੋਣ ਵਾਲੀ ਮੌਤ ਪਹਿਲੀ ਵਾਰ ਡਰੱਗ ਵਰਤਣ ਵਾਲਿਆਂ ਜਾਂ ਡਰੱਗਾਂ ਦਾ ਤਜਰਬਾ ਕਰਨ ਵਾਲਿਆਂ ਵਿੱਚ ਵੀ ਸੌਖਿਆਂ ਹੀ ਹੋ ਸਕਦੀ ਹੈ।

ਅਸੀਂ ਤੁਹਾਨੂੰ ਆਪਣੇ ਬੱਚਿਆਂ ਨਾਲ ਡਰੱਗਾਂ ਬਾਰੇ ਗੱਲਬਾਤ ਕਰਕੇ ਉਹਨਾਂ ਦੀ ਸੁਰੱਖਿਆ ਕਰਨ ਲਈ ਉਤਸ਼ਾਹਿਤ ਕਰਦੇ ਹਾਂ – ਖਾਸ ਕਰਕੇ

.....2



**Surrey Schools** – Superintendent's Department 14033 92nd Avenue, Surrey, B.C. V3V 0B7
**Tel:** (604) 595-6308 **Fax:** (604) 595-6309 **www.surreyschools.ca**

ਚੋਰੀ ਰਲਾਈ ਫੈਂਟਾਨਿਲ ਅਤੇ ਇਸ ਦੇ ਮਾਰੂ ਅਸਰ ਬਾਰੇ ਗੱਲਬਾਤ ਕਰਕੇ। ਆਪਣੇ ਬੱਚੇ ਦੀਆਂ ਸਰਗਰਮੀਆਂ, ਮੂਡ ਅਤੇ ਦੋਸਤਾਂ ਉੱਪਰ ਨਿਗ੍ਹਾ ਰੱਖੋ ਅਤੇ ਗੱਲਬਾਤ ਜਾਰੀ ਰੱਖੋ। ਆਪਣੇ ਬੱਚਿਆਂ ਨਾਲ ਡਰੱਗਾਂ ਬਾਰੇ ਕਿਵੇਂ ਗੱਲ ਕਰਨੀ ਹੈ, ਇਸ ਬਾਰੇ ਸੁਝਾਵਾਂ ਲਈ ਫਰੇਜ਼ਰ ਹੈਲਥ ਦੇ ਵੈੱਬਸਾਈਟ www.fraserhealth.ca/health-info/ ਜਾਂ ਡਰੱਗ ਫ੍ਰੀ ਕਿਡਜ਼ ਦੇ ਵੈੱਬਸਾਈਟ www.drugfreekidscanada.org ’ਤੇ ਜਾਉ। ਸਰੀ ਆਰ ਸੀ ਐੱਮ ਪੀ ਵਲੋਂ ਵੀ ਮਾਪਿਆਂ ਲਈ ਇਕ ਹੈਲਪ ਲਾਈਨ (604-599-7800) ਚਲਾਈ ਜਾਂਦੀ ਹੈ ਜਿਹੜੀ ਉਹਨਾਂ ਮਾਪਿਆਂ ਲਈ ਮਦਦ ਪ੍ਰਦਾਨ ਕਰਦੀ ਹੈ, ਜਿਹਨਾਂ ਨੂੰ ਆਪਣੇ ਬੱਚਿਆਂ ਵਲੋਂ ਗੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਹੋਣ ਦਾ ਫਿਕਰ ਹੋਵੇ।

ਸਰੀ ਆਰ ਸੀ ਐੱਮ ਪੀ ਅਤੇ ਸਰੀ ਸਕੂਲ ਡਿਸਟ੍ਰਿਕਟ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਨ। ਅਸੀਂ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਆਨੰਦਮਈ ਗਰਮੀਆਂ ਦੀ ਸ਼ੁਭਕਾਮਨਾ ਕਰਦੇ ਹਾਂ।

ਸੱਚੇ ਦਿਲੋਂ,

ਡਾ: ਜੌਰਡਨ ਟਿੰਨੀ
ਸਕੂਲਾਂ ਦਾ ਸੁਪਰਡੈਂਟ/ਸੀ ਈ ਓ
ਸਰੀ ਸਕੂਲ ਡਿਸਟ੍ਰਿਕਟ

ਅਸਿਸਟੈਂਟ ਕਮਿਸ਼ਨਰ ਡਵੇਨ ਮਕਡੌਨਲਡ
ਆਫੀਸਰ ਇਨ ਚਾਰਜ
ਸਰੀ ਆਰ ਸੀ ਐੱਮ ਪੀ

Royal Canadian Mounted Police Gendarmerie royale du Canada

June 20, 2017

Dear Parents/Guardians,

As you and your children prepare for summer vacation, the Surrey RCMP and Surrey School District would like to update you on some of the current risks with respect to illicit drugs so you can all have a safe summer. It is imperative that both parents/caregivers and youth are aware of the dangers of experimenting with drugs.

In the last couple of years, the drug environment has changed dramatically, in large part due to the introduction of fentanyl. Fentanyl is a powerful prescription painkiller that is up to 100 times more toxic than morphine. It is being imported and sold illegally with tragic consequences; just a tiny amount can cause serious harm or death.

Around the Lower Mainland, fentanyl and drugs similar to fentanyl have been found mixed into other drugs including heroin, powder cocaine, crack cocaine and methamphetamine. It is also found as a primary ingredient in fake oxycodone and Percocet tablets. These new drug combinations have caused many deaths. In 2016, Surrey experienced 113 overdose deaths, the second highest in the province. In the first four months of 2017, Surrey has already had 51 overdose deaths.

Summer brings festivals, concerts and house parties that many students will attend. “Ecstasy” or “Molly” (MDMA) is a common drug that surfaces at these types of events, and it can easily be mixed with fentanyl, which would put users at a higher risk of overdose and death. MDMA is a hallucinogen with stimulant properties. It is usually sold as a loose white powder and pressed into tablets with different logos or packaged in gelatin tablets. MDMA users usually experience euphoria, enhanced self-esteem and increased sociability, which is why it is very popular in party settings.

Despite our best efforts as parents, our children can easily be at-risk of drug use. They are young and influenced by people and factors outside of our control. You should not assume your child isn’t experimenting with drugs or thinking about trying drugs. It may surprise you to know that 54% of overdose deaths in BC occurred in private residences. It is important for parents to know that this is not a problem isolated to homelessness or drug addicts – overdose deaths can easily happen to first time users or those experimenting with drugs.

…..2



**Surrey Schools** – Superintendent’s Department 14033 92nd Avenue, Surrey, B.C. V3V 0B7
**Tel:** (604) 595-6308 **Fax:** (604) 595-6309 **www.surreyschools.ca**

We encourage you to protect your children by speaking to them about drugs – particularly about the hidden nature of fentanyl and its lethal power. Keep an eye on your child's activities, mood and friends, and keep the dialogue open. Visit Fraser Health's website (www.fraserhealth.ca/health-info/) or Drug Free Kids Canada (www.drugfreekidscanada.org) for tips on how to talk to your kids about drugs. The Surrey RCMP also offers a Parent Helpline (604-599-7800) that provides assistance to parents who are concerned about their children becoming involved in illegal activities.

The Surrey RCMP and Surrey School District are committed to helping keep families safe. We wish you and your family a safe and enjoyable summer.

Sincerely,

Dr. Jordan Tinney
Superintendent of Schools/CEO
Surrey School District

Assistant Commissioner Dwayne McDonald
Officer in Charge
Surrey RCMP